ਖ਼ਾਲਸਾ ਕਾਲਜ ਅੰਮ੍ਰਿਤਸਰ

# Khalsa College Amritsar

An Autonomous College affiliated to G.N.D.U., Amritsar
UGC Letter No. F.22-1/2013 (AC) Dt. 22-05-2013

Estd. 1892

(O) : +91-183-2258097
: +91-183-5015511
Fax : +91-183-2255619
Pin : 143002 (Pb.) India

e-mail : khalsacollegeamritsar@yahoo.com
Web : www.khalsacollege.edu.in

◆ A HERITAGE INSTITUTION AND COLLEGE WITH POTENTIAL FOR EXCELLENCE - *Status conferred by UGC* ◆
◆ NAAC REACCREDITED "A" GRADE (CGPA) ◆ STAR STATUS CONFERRED BY DBT, NEW DELHI ◆ AN ISO CERTIFIED COLLEGE ◆

No. ____________

Dated ____________

ਸਤਿਕਾਰਯੋਗ ਵਿਦਵਾਨ ਦੋਸਤੋ,

**ਸੰਵਾਦ** ਮੈਗਜ਼ੀਨ ਦਾ ਆਗਾਮੀ ਅੰਕ 'ਉਤਰ-ਮਾਨਵਵਾਦ: ਮਨੁੱਖ-ਏਆਈ-ਕੁਦਰਤ ਦੀ ਸਹਿਹੋਂਦ ਦਾ ਨਵਾਂ ਯੁੱਗ' ਵਿਸ਼ੇ ਨੂੰ ਸਮਰਪਿਤ ਹੈ। ਇਸ ਅੰਕ ਲਈ ਆਪ ਜੀ ਨੂੰ ਖੋਜ-ਪੱਤਰ ਭੇਜਣ ਲਈ ਸੱਦਾ ਹੈ!

ਉਤਰ-ਮਾਨਵਵਾਦ (Post-humanism) ਦਾ ਚਰਚਾ, ਇਕ ਦਾਰਸ਼ਨਿਕ ਲਹਿਰ ਦੇ ਰੂਪ ਵਿਚ ਸਾਹਮਣੇ ਆਇਆ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਹੋਈਆਂ ਹੈਰਾਨੀਜਨਕ ਖੋਜਾਂ ਨੇ ਇਸਨੂੰ ਹਰ ਖੇਤਰ ਵਿਚ ਡੀਬੇਟ ਦਾ ਵਿਸ਼ਾ ਬਣਾ ਦਿੱਤਾ ਹੈ। ਮਸ਼ੀਨੀ ਸਿਆਣਪ (AI) ਉਤਰ-ਆਧੁਨਿਕ ਯੁਗ ਵਿਚ ਕੰਪਿਊਟਰ ਵਿਗਿਆਨ ਅਤੇ ਕੁਦਰਤੀ ਭਾਸ਼ਾ ਪ੍ਰਕਿਰਿਆ ਦੇ ਖੇਤਰਾਂ ਵਿਚ ਹੁਣ ਤਕ ਕੀਤੀ ਗਈ ਸਿਖ਼ਰਲੀ ਖੋਜ ਦਾ ਨਤੀਜਾ ਹੈ, ਜਿਸਨੇ ਮਨੁੱਖੀ ਇਤਿਹਾਸ ਵਿਚ ਨਿਵੇਕਲਾ, ਅਹਿਮ ਅਤੇ ਚੁਣੌਤੀਆਂ ਭਰਿਆ ਅਧਿਆਇ ਆਰੰਭ ਕਰ ਦਿੱਤਾ ਹੈ।

ਮਨੁੱਖ, ਮਸ਼ੀਨੀ ਸਿਆਣਪ ਤੇ ਕੁਦਰਤ ਦੇ ਸਹਿਯੋਗ ਨਾਲ ਇਕ ਨਵੀਂ ਕਿਸਮ ਦਾ ਸੰਸਾਰ ਸਿਰਜਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਜਿਸ ਨੂੰ ਉਨਤ ਡਿਜ਼ੀਟਲ ਤਕਨਾਲੋਜੀ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੁਆਰਾ ਨਿਯੰਤ੍ਰਿਤ ਕੀਤਾ ਜਾ ਰਿਹਾ ਹੈ। ਇਹ ਵਿਸ਼ਾਲ ਨਿਊਰਲ ਨੈਟਵਰਕ ਵਿਚ ਬੱਝੀ ਸਾਂਝੀ ਮਸ਼ੀਨੀ ਯੋਗਤਾ ਵਾਲੇ ਪ੍ਰੋਗਰਾਮ ਜਾਂ ਮਸਨੂਈ ਬੁੱਧੀ, ਮਨੁੱਖੀ ਬੁੱਧੀ ਨੂੰ ਸਿੱਧੀ ਚੁਣੌਤੀ ਹੈ। ਇਹ ਚੁਣੌਤੀ ਆਧੁਨਿਕ ਯੁਗ ਵਿਚ ਮਨੁੱਖ ਦੁਆਰਾ ਸਥਾਪਿਤ 'ਮਾਨਵ ਦੀ ਸਰਵਉਚਤਾ ਦੀ ਮਿਥ' ਨੂੰ ਵਿਸਥਾਪਤ ਕਰਦੀ ਹੈ ਅਤੇ ਇਸੇ ਕਰਕੇ ਇਸ ਨਵੇਂ ਯੁਗ ਨੂੰ ਉਤਰ-ਮਾਨਵਵਾਦੀ ਯੁਗ ਕਿਹਾ ਜਾਣ ਲੱਗਾ ਹੈ।

ਇਸ ਅੰਕ ਦਾ ਉਦੇਸ਼ ਮਨੁੱਖ, ਮਸ਼ੀਨੀ ਸਿਆਣਪ ਅਤੇ ਕੁਦਰਤ ਵਿਚਕਾਰ ਵਿਕਾਸਸ਼ੀਲ ਸਬੰਧਾਂ ਦੀ ਪੜਚੋਲ ਕਰਨਾ ਹੈ। ਉਤਰ-ਮਾਨਵਵਾਦ ਦਾਰਸ਼ਨਿਕ ਲਹਿਰ ਦੇ ਰੂਪ ਵਿਚ, ਇਕ ਪੈਰਾਡਾਈਮ ਸ਼ਿਫਟ ਦੀ ਤਵੱਕੋ ਕਰਦਾ ਹੈ। ਇਸ ਤਰ੍ਹਾਂ ਇਹ ਮਨੁੱਖ, ਮਸ਼ੀਨੀ ਸਿਆਣਪ ਅਤੇ ਕੁਦਰਤ ਦੇ ਆਪਸੀ ਸਬੰਧਾਂ ਨੂੰ ਮਾਨਤਾ ਦੇ ਕੇ ਮਾਨਵ-ਕੇਂਦਰੀਵਾਦ ਦੀ ਥਾਂ ਇਨ੍ਹਾਂ ਦੀ ਆਪਸੀ ਸਹਿਹੋਂਦ ਵਿਚੋਂ ਤ੍ਰਿਵੈਣੀ ਸਮਾਜ (Triadic Society) ਸਿਰਜਣ ਦਾ ਦਾਅਵਾ ਕਰਦਾ ਹੈ। ਇਸ ਤਰ੍ਹਾਂ ਇਹ ਲਹਿਰ ਵਿਕੇਂਦਰੀਕਰਨ ਦੀ ਦ੍ਰਿਸ਼ਟੀ ਤੋਂ ਮਾਨਵ-ਕੇਂਦਰੀਵਾਦ ਦੀ ਸਥਾਪਤ ਦਰਜਾਬੰਦੀ ਨੂੰ ਚੁਣੌਤੀ ਦਿੰਦੀ ਹੈ। ਹੋਲੋਸੀਨ ਯੁਗ (Holocene Era), ਭਾਵ ਮਨੁੱਖ ਅਤੇ ਕੁਦਰਤ ਦੀ ਸਹਿਹੋਂਦ ਦਾ ਪਰੰਪਰਕ ਯੁਗ ਅਤੇ ਐਂਥਰੋਪੋਸੀਨ ਯੁਗ (Anthropocene Era), ਭਾਵ ਮਸ਼ੀਨ ਦੀ ਵਰਤੋਂ ਦੁਆਰਾ ਕੁਦਰਤ ਦੇ ਸੋਸ਼ਣ ਦੇ ਯੁਗ ਤੋਂ ਬਾਅਦ, ਸਿਮਬਾਇਓਸੀਨ ਯੁਗ (Symbiocene Era ) ਉਤਰ-ਮਾਨਵਵਾਦ (ਮਨੁੱਖ-ਏਆਈ-ਕੁਦਰਤ ਦੀ ਸਹਿਹੋਂਦ ਦਾ ਨਵਾਂ ਯੁਗ) ਸਮਾਜਿਕ ਵਿਕਾਸ ਦੇ ਤੀਜੇ ਪੜਾਅ ਦਾ ਆਰੰਭ ਹੈ।

ਪੰਜਾਬੀ ਜਗਤ ਇਸ ਸਭ ਕੁਝ ਤੋਂ ਅਭਿੱਜ ਨਹੀਂ ਹੈ। ਸੋ ਇਸ ਬਾਰੇ ਭਰਪੂਰ ਸੰਵਾਦ ਰਚਾਉਣਾ ਜ਼ਰੂਰੀ ਹੈ। ਆਪ ਜੀ ਨੂੰ ਬੇਨਤੀ ਹੈ ਕਿ **ਸੰਵਾਦ** ਦੇ ਇਸ ਵਿਸ਼ੇਸ਼ ਅੰਕ ਲਈ ਹੇਠ ਲਿਖੇ ਉਪ-ਵਿਸ਼ਿਆਂ ਅਨੁਸਾਰ 10 ਨਵੰਬਰ 2023 ਤਕ ਆਪਣਾ ਖੋਜ-ਪੇਪਰ ਭੇਜਣ ਦੀ ਖੇਚਲ ਕਰਨਾ ਜੀ।

ਧੰਨਵਾਦ ਸਹਿਤ

(ਡਾ. ਆਤਮ ਸਿੰਘ ਰੰਧਾਵਾ)
**ਸੰਪਾਦਕ**

(ਡਾ. ਮਹਿਲ ਸਿੰਘ)
**ਮੁੱਖ-ਸੰਪਾਦਕ**

ਖ਼ਾਲਸਾ ਕਾਲਜ ਅੰਮ੍ਰਿਤਸਰ
Khalsa College Amritsar
An Autonomous College affiliated to G.N.D.U., Amritsar
UGC Letter No. F.22-1/2013 (AC) Dt. 22-05-2013
Estd. 1892
(O) : +91-183-2258097
: +91-183-5015511
Fax : +91-183-2255619
Pin : 143002 (Pb.) India
e-mail : khalsacollegeamritsar@yahoo.com
Web : www.khalsacollege.edu.in

♦ A HERITAGE INSTITUTION AND COLLEGE WITH POTENTIAL FOR EXCELLENCE - *Status conferred by UGC* ♦
♦ NAAC REACCREDITED "A" GRADE (CGPA) ♦ STAR STATUS CONFERRED BY DBT, NEW DELHI ♦ AN ISO CERTIFIED COLLEGE ♦

No. ________________

Dated ________________

## ਸੰਵਾਦ-19 : ਵਿਸ਼ੇਸ਼ ਅੰਕ

(ਉਤਰ-ਮਾਨਵਵਾਦ: ਮਨੁੱਖ-ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) -ਕੁਦਰਤ ਦੀ ਸਹਿਹੋਂਦ ਦਾ ਨਵਾਂ ਯੁੱਗ)

**ਅੰਕ ਦੇ ਉਪ-ਵਿਸ਼ੇ:**

- ਉਤਰ-ਮਾਨਵਵਾਦ (Post-humanism) : ਦਾਰਸ਼ਨਿਕ ਦ੍ਰਿਸ਼ਟੀਕੋਣ
- ਉਤਰ-ਮਾਨਵਵਾਦ : ਸਿਧਾਂਤਕ ਪਰਿਪੇਖ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI): ਸਿਧਾਂਤ, ਇਤਿਹਾਸ ਤੇ ਭਵਿੱਖ
- ਉਤਰ-ਮਾਨਵਵਾਦ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) : ਅੰਤਰ-ਸਬੰਧ
- ਪਰੰਪਰਾ, ਆਧੁਨਿਕਤਾਵਾਦ, ਉਤਰ-ਆਧੁਨਿਕਤਾਵਾਦ ਅਤੇ ਉਤਰ-ਮਾਨਵਵਾਦ
- ਹੋਲੋਸੀਨ ਯੁਗ (Holocene Era), ਐਂਥਰੋਪੋਸੀਨ ਯੁਗ (Anthropocene Era) ਅਤੇ ਸਿਮਬਾਇਓਸੀਨ ਯੁਗ (Symbiocene Era)
- ਪੰਜਾਬੀ ਚੇਤਨਾ ਤੇ ਗਿਆਨ ਅਤੇ ਉਤਰ-ਮਾਨਵਵਾਦ
- ਪੰਜਾਬੀ ਸਿਰਜਣਧਾਰਾ ਅਤੇ ਉਤਰ-ਮਾਨਵਵਾਦ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਕਲਾ, ਸਾਹਿਤ ਤੇ ਸਮਾਜ ਦੀ ਵਿਆਖਿਆ ਤੇ ਵਿਸ਼ਲੇਸ਼ਣ
- ਮਨੁੱਖ-ਆਰਟੀਫ਼ੀਸ਼ੀਅਲ ਇੰਟੈਲੀਜੈਂਸ-ਕੁਦਰਤ ਦੀ ਸਹਿਹੋਂਦ ਅਤੇ ਪੰਜਾਬੀ ਸਮਾਜ-ਸਭਿਆਚਾਰ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਮਨੁੱਖ-ਕੁਦਰਤ ਦੀ ਸਹਿਹੋਂਦ ਦਾ ਨਵਾਂ ਯੁੱਗ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਭਾਸ਼ਾ ਅਤੇ ਪੰਜਾਬੀ ਭਾਸ਼ਾ : ਸੰਭਾਵਨਾਵਾਂ ਅਤੇ ਚੁਣੌਤੀਆਂ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਭਾਸ਼ਾ ਤਕਨਾਲੋਜੀ : ਸੰਭਾਵਨਾਵਾਂ ਅਤੇ ਚੁਣੌਤੀਆਂ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਸਾਹਿਤ ਅਤੇ ਪੰਜਾਬੀ ਸਾਹਿਤ : ਸੰਭਾਵਨਾਵਾਂ ਅਤੇ ਚੁਣੌਤੀਆਂ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ : ਸੰਭਾਵਨਾਵਾਂ ਅਤੇ ਚੁਣੌਤੀਆਂ
- ਮਨੁੱਖ-ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਸੰਬੰਧਾਂ ਦੇ ਨੈਤਿਕ ਪਹਿਲੂ ਅਤੇ ਰੈਗੂਲੇਟਰੀ ਫ਼ਰੇਮਵਰਕ
- ਵਾਤਾਵਰਣ ਸੰਭਾਲ ਵਿਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੀ ਭੂਮਿਕਾ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਮਨੁੱਖੀ ਸਿਰਜਣਾ : ਸੰਭਾਵਨਾਵਾਂ ਅਤੇ ਚੁਣੌਤੀਆਂ
- ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੇ ਦੌਰ ਵਿਚ ਸਮਾਜ ਦੇ ਵਿਭਿੰਨ ਅੰਗਾਂ ਅਤੇ ਉਪ-ਅੰਗਾਂ ਦੀ ਦਸ਼ਾ ਤੇ ਦਿਸ਼ਾ
- ਭਵਿੱਖ ਦੇ ਸਮਾਜ ਸਿਰਜਣ ਵਿਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੀ ਭੂਮਿਕਾ